**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

**ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/**2010/75014-**75033**
**ਮਿਤੀ ਚੰਡੀਗੜ੍ਹ 10.12.2010**

**ਵਿਸ਼ਾ: ਪੜ੍ਹੋ ਪੰਜਾਬ ਦੀ ਮੱਧਵਰਤੀ ਜਾਂਚ ਲਈ ਹਦਾਇਤਾਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਜੋ ਕਿ ਪੰਜਾਬ ਸਰਕਾਰ ਦੁਆਰਾ ਸਮੁੱਚੇ ਪੰਜਾਬ ਰਾਜ ਅੰਦਰ ਚਲਾਇਆ ਜਾ ਰਿਹਾ ਹੈ। ਇਸ ਦਾ ਅਗਸਤ ਮਹੀਨੇ ਵਿੱਚ ਬੇਸਲਾਇਨ ਕੀਤਾ ਗਿਆ ਸੀ। ਹੁਣ ਪੜ੍ਹੋ ਪੰਜਾਬ ਦੀ ਮੱਧਵਰਤੀ ਜਾਂਚ ਜੋ ਕਿ ਮਿਤੀ 8 ਦਸੰਬਰ ਤੋਂ 23 ਦਸੰਬਰ ਤੱਕ ਕੀਤੀ ਜਾਣੀ ਹੈ। ਜਿਸ ਤਹਿਤ ਸਮੁੱਚੇ ਪੰਜਾਬ ਰਾਜ ਅੰਦਰ ਪੜ੍ਹੋ ਪੰਜਾਬ ਦੀ ਪ੍ਰਗਤੀ ਦਾ ਪਤਾ ਲਗਾਇਆ ਜਾਣਾ ਹੈ। ਮੱਧਵਰਤੀ ਜਾਂਚ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਹੇਠ ਲਿਖੀਆਂ ਗੱਲਾਂ ਤੇ ਧਿਆਨ ਦੇਣਾ ਯਕੀਨੀ ਬਣਾਇਆ ਜਾਵੇ ਜੀ:-

2.1 ਜਾਂਚ ਪੱਤਰ ਵਿੱਚ ਭਾਸ਼ਾ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਲਈ ਜਾਂਚ ਕਰਨ ਲਈ ਦਿੱਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

2.2 ਮੱਧਵਰਤੀ ਜਾਂਚ ਲਈ ਦਸ ਤਰ੍ਹਾਂ ਦੇ ਜਾਂਚ ਪੱਤਰ ਤਿਆਰ ਕੀਤੇ ਗਏ ਹਨ। ਜਾਂਚ ਦੌਰਾਨ ਰੋਜ਼ਾਨਾ ਸਟੇਟ ਵੱਲੋਂ ਸੂਚਿਤ ਕੀਤਾ ਗਿਆ ਜਾਂਚ ਪੱਤਰ ਨੰਬਰ ਹੀ ਵਰਤਿਆ ਜਾਵੇ।

2.3 ਮੱਧਵਰਤੀ ਜਾਚ ਲਈ ਜੇ ਕਿਸੇ ਸਕੂਲ ਦੀ ਜਾਂਚ ਲਈ ਦੋ ਦਿਨ ਲਗਾਏ ਜਾਂਦੇ ਹਨ ਤਾਂ ਦੂਸਰੇ ਦਿਨ ਸਟੇਟ ਦੁਆਰਾ ਸੂਚਿਤ ਕੀਤੇ ਗਏ ਜਾਂਚ ਪੱਤਰ ਨੰਬਰ ਹੀ ਵਰਤਿਆ ਜਾਵੇਗਾ ਅਤੇ ਇਸ ਸਬੰਧੀ ਵਰਤੇ ਗਏ ਦੋਨੋਂ ਜਾਂਚ ਪੱਤਰਾਂ ਦੇ ਨੰਬਰ ਵਿਜ਼ਟ ਬੁੱਕ ਵਿਚ ਲਿਖੇ ਜਾਣ।

2.4 ਸੀ.ਐਮ.ਟੀ. ਦੇ ਨਾਲ ਪੀ.ਸੀ.ਸੀ. ਦੀ ਡਿਊਟੀ ਲਗਾਉਣ ਸਬੰਧੀ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਮਿਲ ਕੇ ਪਲੈਨਿੰਗ ਕਰਨਗੇ।

2.5 ਜਾਂਚ ਪੱਤਰ ਦੀ ਗੁਪਤਤਾ ਦੀ ਜ਼ਿੰਮੇਵਾਰੀ ਹਰ ਪੱਖੋਂ ਸੀ.ਐਮ.ਟੀ/ਬੀ.ਐਮ.ਟੀ. ਅਤੇ ਜ਼ਿਲ੍ਹਾ ਕੋਆਰਡੀਨੇਟਰ ਦੇ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਹੋਵੇਗੀ।

2.6 ਬਲਾਕ ਮਾਸਟਰ ਟ੍ਰੇਨਰ (ਬੀ.ਐਮ.ਟੀ) ਆਪਣੇ ਬਲਾਕ ਅੰਦਰ ਘੱਟੋ-ਘੱਟ ਤਿੰਨ ਸਕੂਲਾਂ (ਜਿੰਨ੍ਹਾਂ ਵਿੱਚ 80 ਤੋਂ ਘੱਟ ਬੱਚੇ ਨਾ ਹੋਣ ) ਦਾ ਪੂਰੇ ਬੱਚਿਆਂ ਦਾ ਟੈਸਟ ਮਿਤੀ 20 ਦਸੰਬਰ ਤੋਂ ਬਾਅਦ ਰੈਨਡਿੰਮਲੀ ਸਕੂਲ ਚੁਣ ਕੇ ਕਰਨਗੇ ਅਤੇ ਇਸ ਦੀ ਰਿਪੋਰਟ ਜ਼ਰੂਰ ਤਿਆਰ ਕਰਨਗੇ ਕਿ ਸੀ.ਐਮ.ਟੀ. ਵੱਲੋਂ ਟੈਸਟਿੰਗ ਕੀਤੇ ਗਏ ਬੱਚੇ ਬਿਲਕੁਲ ਸਹੀ ਟੈਸਟ ਕੀਤੇ ਗਏ ਹਨ, ਖ਼ਾਮੀ ਹੋਣ ਦੀ ਸੂਰਤ ਵਿੱਚ ਤੁਰੰਤ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇਗਾ।

2.7 ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਰੈਨਡਿੰਮਲੀ ਸਕੂਲ ਚੁਣ ਕੇ ਬੱਚੇ ਟੈਸਟ ਕਰਦੇ ਰਹਿਣਗੇ ਅਤੇ ਬਕਾਇਦਾ ਇਸ ਦੀ ਰਿਪੋਰਟ ਤਿਆਰ ਕੀਤੀ ਜਾਵੇ।

2.8 ਜ਼ਿਲ੍ਹਾ ਕੋਆਰਡੀਨੇਟਰ ਪ੍ਰਥਮ ਵੱਲੋਂ ਘੱਟੋ ਘੱਟ 10 ਸਕੂਲਾਂ ਦੇ ਸਾਰੇ ਬੱਚਿਆਂ ਦੀ ਟੈਸਟਿੰਗ ਕੀਤੀ ਜਾਣੀ ਹੈ। ਇਸ ਦੀ ਇਕ ਰਿਪੋਰਟ ਵੱਖਰੇ ਤੌਰ ਤੇ ਤਿਆਰ ਕੀਤੀ ਜਾਵੇਗੀ। ਤਾਂ ਜੋ ਔਸਤ ਨਤੀਜਿਆਂ ਦਾ ਪਤਾ ਲਗਾਇਆ ਜਾ ਸਕੇ।

2.9 ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇਗਾ ਕਿ ਬੀ.ਐਮ.ਟੀ., ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਇਕੋ ਸਕੂਲ ਦੇ ਬੱਚਿਆਂ ਨੂੰ ਦੁਬਾਰਾ ਟੈਸਟ ਨਹੀਂ ਕਰਨਗੇ।

2.10ਇਸ ਗੱਲ ਦਾ ਵੀ ਪੂਰਨ ਧਿਆਨ ਰੱਖਿਆ ਜਾਵੇ ਕਿ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ, ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਅਤੇ ਬੀ.ਐਮ.ਟੀ. ਵੱਲੋਂ ਇਕ ਕਲੱਸਟਰ ਵਿੱਚ ਵੀ ਦੋ ਸਕੂਲ ਦੇ ਬੱਚਿਆਂ ਦੀ ਟੈਸਟਿੰਗ ਲਈ ਵੀ ਨਹੀਂ ਲਏ ਜਾਣਗੇ।

2.11 ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਬੀ.ਐਮ.ਟੀ. ਅਤੇ ਪ੍ਰਥਮ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਕੋਸ਼ਿਸ਼ ਇਹ ਕੀਤੀ ਜਾਵੇਗੀ ਕਿ ਹਰੇਕ ਬਲਾਕ ਵਿਚੋਂ ਘੱਟੋ-ਘੱਟ ਇਕ ਇਕ ਸਕੂਲ ਦੇ ਸਾਰੇ ਬੱਚਿਆਂ ਦਾ ਜ਼ਰੂਰ ਨਿਰੀਖਣ ਹੋ ਜਾਵੇ।

2.12 ਬੀ.ਐਮ.ਟੀ. ਦੀ ਜਿਸ ਬਲਾਕ ਵਿੱਚ ਡਿਊਟੀ ਲਗਾਈ ਹੈ ਉਹ ਸੀ.ਐਮ.ਟੀ. ਦੁਆਰਾ ਮੁਲਾਂਕਣ ਕੀਤੇ ਬੱਚਿਆਂ ਦੀ ਰੈਨਡਿੰਮਲੀ ਟੈਸਟ ਜ਼ਰੂਰ ਕਰਦਾ ਰਹੇ ਅਤੇ ਆਪਣੇ ਪੱਧਰ ਤੇ ਰਿਪੋਰਟ ਵੀ ਤਿਆਰ ਜ਼ਰੂਰ ਕਰਦਾ ਰਹੇਗਾ। ਜੇਕਰ ਕਿਤੇ ਗਲ਼ਤ ਟੈਸਟਿੰਗ ਹੋਈ ਹੋਵੇ ਤਾਂ ਜ਼ਿਲ੍ਹਾ ਕੋਆਰਡੀਨੇਟਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਦੁਬਾਰਾ ਟੈਸਟਿੰਗ ਕੀਤੀ ਜਾਵੇ।

2.13 ਸਕੂਲ ਅਧਿਆਪਕ ਕੋਲ ਕਿਸੇ ਵੀ ਹਾਲਤ ਵਿੱਚ ਜਾਂਚ-ਪੱਤਰ ਨਹੀਂ ਹੋਣਾ ਚਾਹੀਦਾ।ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਲਈ ਸਬੰਧਤ ਸੀ.ਐਮ.ਟੀ. ਜ਼ਿੰਮੇਵਾਰ ਹੋਵੇਗਾ।

2.14 ਕਿਸੇ ਵੀ ਟੈਸਟਿੰਗ ਟੂਲ ਦੀ ਫੋਟੋਸਟੇਟ ਕਾਪੀ ਨਹੀਂ ਕਰਵਾਈ ਜਾਵੇਗੀ। ਜੇਕਰ ਲੋੜ ਪਵੇ ਤਾਂ ਸੀ.ਐਮ.ਟੀ./ਬੀ.ਐਮ.ਟੀ. ਇਸ ਸਬੰਧੀ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਕਹੇਗਾ ਅਤੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਇਸ ਸਬੰਧੀ ਸਟੇਟ ਨੂੰ

ਤੁਰੰਤ ਸੂਚਿਤ ਕਰੇਗਾ ਕਿ ਉਸ ਨੇ ਟੈਸਟਿੰਗ ਟੂਲ ਦੀਆਂ ਕਿੰਨੀਆਂ ਕਾਪੀਆਂ ਦੀ ਫੋਟੋਸਟੇਟ ਕਰਵਾਈ ਹੈ।

2.15 ਜਿਸ ਸਕੂਲ ਵਿੱਚ ਸੀ.ਐਮ.ਟੀ. ਵੱਲੋਂ ਬੱਚਿਆਂ ਦੀ ਟੈਸਟਿੰਗ ਕੀਤੀ ਜਾਣੀ ਹੈ। ਉਸ ਸਬੰਧ ਵਿੱਚ ਅਧਿਆਪਕ ਨੂੰ ਇਸ ਗੱਲ ਦੀ ਅਗੇਤੀ ਜਾਣਕਾਰੀ ਦਿੱਤੀ ਜਾਵੇ ਕਿ ਤੁਹਾਡੇ ਸਕੂਲ ਅੰਦਰ ਇਸ ਮਿਤੀ ਨੂੰ ਬੱਚਿਆਂ ਦੀ ਪੜ੍ਹੋ ਪੰਜਾਬ ਦੀ ਅੰਤਿਮ ਜਾਂਚ ਕੀਤੀ ਜਾਣੀ ਹੈ। ਤਾਂ ਜੋ ਅਧਿਆਪਕ ਉਸ ਦਿਨ ਬੱਚਿਆਂ ਨੂੰ ਗੈਰਹਾਜ਼ਰ ਨਾ ਹੋਣ ਦੇਵੇ ਕਿਉਂਕਿ ਗੈਰਹਾਜ਼ਰ ਬੱਚਿਆਂ ਕਾਰਨ ਸਕੂਲ ਦਾ ਨਤੀਜਾ ਪ੍ਰਭਾਵਿਤ ਹੋ ਸਕਦਾ ਹੈ।

2.16 ਟੈਸਟਿੰਗ ਦੌਰਾਨ ਇਸ ਗੱਲ ਨੂੰ ਵੀ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਭਾਸ਼ਾ ਦੀ ਟੈਸਟਿੰਗ ਸਮੇਂ ਹਰ ਬੱਚੇ ਲਈ ਟੈਸਟਿੰਗ ਪੈਰੇ ਤੋਂ ਸ਼ੁਰੂ ਕੀਤੀ ਜਾਵੇ ਅਤੇ ਗਣਿਤ ਵਿੱਚ ਬੱਚੇ ਦੀ ਟੈਸਟਿੰਗ ਘਟਾਓ ਤੋਂ ਸ਼ੁਰੂ ਕੀਤੀ ਜਾਵੇਗੀ। ਘਟਾਓ ਦੇ ਸਵਾਲ ਦੇਣ ਤੋਂ ਪਹਿਲਾਂ ਬੱਚੇ ਤੋਂ ਸੰਖਿਆ ਪਹਿਚਾਣ ਕਰਵਾਉਣੀ ਜ਼ਰੂਰੀ ਹੋਵੇਗੀ।ਹਰੇਕ ਬੱਚੇ ਤੋਂ ਟੋਕਵੇਂ ਪਹਾੜੇ ਸੁਣੇ ਜਾਣਗੇ।

2.17 ਅਗਸਤ ਮਹੀਨੇ ਵਿੱਚ ਜਿਹੜੇ ਬੱਚਿਆਂ ਦਾ ਬੇਸਲਾਇਨ ਕੀਤਾ ਗਿਆ ਸੀ ਉਹ ਬੱਚੇ ਵੀ ਮਿਡ ਟੈਸਟ ਵਿੱਚ ਹਰ ਹਾਲਤ ਵਿੱਚ ਸ਼ਾਮਲ ਹੋਣਗੇ। ਜੇਕਰ ਸਕੂਲ ਵਿੱਚ ਮਿਡ ਟੈਸਟ ਵਾਲੇ ਦਿਨ ਬੱਚੇ ਸਕੂਲ ਵਿਚੋਂ ਗੈਰਹਾਜ਼ਰ ਰਹਿੰਦੇ ਹਨ ਤਾਂ ਉਹਨਾਂ ਨੂੰ ਬੇਸਲਾਇਨ ਜਾਂਚ ਵਾਲੇ ਪੱਧਰ ਤੇ ਹੀ ਰੱਖ ਕੇ ਸਕੂਲ ਦਾ ਨਤੀਜਾ ਤਿਆਰ ਕੀਤਾ ਜਾਵੇਗਾ।

2.18 ਲੰਮੀ ਗੈਰਹਾਜ਼ਰੀ ਵਾਲੇ ਬੱਚਿਆਂ ਨੂੰ ਬੇਸਲਾਇਨ ਪੱਧਰ ਤੇ ਰੱਖ ਕੇ ਹੀ ਨਤੀਜਾ ਤਿਆਰ ਕੀਤਾ ਜਾਣਾ ਹੈ।

2.19 ਹਾਜ਼ਰ, ਗੈਰਹਾਜ਼ਰ ਅਤੇ ਬੇਸਲਾਇਨ ਵਾਲੇ ਬੱਚਿਆਂ ਨੂੰ ਰਿਜਲਟ ’ਚ ਸ਼ਾਮਲ ਕਰਦਿਆਂ ਬੱਚਿਆਂ ਦੀ ਕੁੱਲ ਗਿਣਤੀ ਦਾ ਮੱਧਵਰਤੀ ਜਾਂਚ ਪੱਧਰ ਤੇ ਮਿਲਾਣ ਵਿੱਚ ਕੋਈ ਫ਼ਰਕ ਨਹੀਂ ਆਉਣਾ ਚਾਹੀਦਾ। ਨਤੀਜਾ ਕਲੱਸਟਰ, ਬਲਾਕ, ਜ਼ਿਲ੍ਹੇ ਦਾ ਇਸੇ ਤਰਤੀਬ ਅਨੁਸਾਰ ਹੋਣਾ ਚਾਹੀਦਾ ਹੈ।

2.20 ਸਕੂਲ ਦਾ ਨਤੀਜਾ ਤਿਆਰ ਕਰਨ ਤੋਂ ਬਾਅਦ ਸੀ.ਐਮ.ਟੀ. ਇਸ ਨੂੰ ਵਿਜ਼ਟਰ ਬੁੱਕ ਤੇ ਪੰਜ ਕਾਲਮ ਬਣਾ ਕੇ ਟੈਸਟ ਕੀਤੇ ਗਏ ਸਕੂਲ, ਸਕੂਲ ਦੇ ਕੁੱਲ ਬੱਚੇ, ਕੁੱਲ ਬੱਚਿਆਂ ਦੀ ਗਿਣਤੀ, ਬੇਸਲਾਇਨ, ਅਤੇ ਮੱਧਵਰਤੀ ਜਾਂਚ ਦਾ ਨਤੀਜਾ ਪੂਰਾ ਚਾਰਟ ਬਣਾ ਕੇ ਦਿੱਤਾ ਜਾਵੇਗਾ। ਅਤੇ ਬੇਸਲਾਇਨ ਅਤੇ ਮੱਧਵਰਤੀ ਪ੍ਰੀਖਿਆ ਦੀ ਪ੍ਰਤੀਸ਼ਤ ਵੀ ਲਿਖੀ ਜਾਵੇ। ਇਸ ਸਬੰਧੀ ਸੀ.ਐਮ.ਟੀ. ਸਕੂਲ ਅਧਿਆਪਕਾਂ ਨਾਲ ਸਕੂਲ ਦੀ ਪ੍ਰਗਤੀ ਸਬੰਧੀ ਜ਼ਰੂਰ ਚਰਚਾ ਕਰੇਗਾ।

2.21 ਸਕੂਲ ਦਾ ਮਿਡ ਟੈਸਟ ਕਰਨ ਤੋਂ ਬਾਅਦ ਸੀ.ਐਮ.ਟੀ. ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਅਜੇ ਵੀ ਜੇਕਰ ਕੋਈ ਸਕੂਲ ਦਾ ਗਰੇਅ ਏਰੀਆ ਹੈ ਤਾਂ ਇਸ ਬਾਰੇ ਅਧਿਆਪਕਾਂ ਨਾਲ ਚਰਚਾ ਕੀਤੀ ਜਾਵੇ।

2.22 ਸੀ.ਐਮ.ਟੀ. ਜਿਹੜਾ ਟੈਸਟਿੰਗ ਟੂਲ ਸਕੂਲ ਅੰਦਰ ਵਰਤੇਗਾ ਉਸ ਦਾ ਨੰਬਰ ਬਕਾਇਦਾ ਸਕੂਲ ਦੀ ਵਿਜ਼ਟਰ ਬੁੱਕ ਤੇ ਜ਼ਰੂਰ ਲਿਖ ਕੇ ਆਏਗਾ ਕਿ ਮੈਂ ਇੰਨਾ ਨੰਬਰ ਟੈਸਟਿੰਗ ਟੂਲ ਇਸ ਸਕੂਲ ਅੰਦਰ ਵਰਤਿਆ ਹੈ।

2.23 ਸੀ.ਐਮ.ਟੀ. ਟੈਸਟਿੰਗ ਕਰਦੇ ਸਮੇਂ ਸਬੰਧਤ ਮਹਿਲ ਜਾਂ ਜਮਾਤ ਦੇ ਅਧਿਆਪਕਾਂ ਨੂੰ ਆਪਣੇ ਕੋਲ ਬਿਠਾਏਗਾ ਤਾਂ ਜੋ ਬੱਚਿਆਂ ਦੀ ਪ੍ਰਗਤੀ ਦਾ ਅਧਿਆਪਕਾਂ ਨੂੰ ਗਿਆਨ ਹੋ ਸਕੇ ਅਤੇ ਮਿਡ ਟੈਸਟ ਦੀ ਭਰੋਸੇ ਯੋਗਤਾ ਵਧੇ।

2.24 ਟੈਸਟਿੰਗ ਇਕੱਲੇ ਇਕੱਲੇ ਬੱਚੇ ਦੀ ਕੀਤੀ ਜਾਣੀ ਹੈ। ਇਸ ਨੂੰ ਬੱਚਿਆਂ ਦੇ ਇਕੱਠ ਰੂਪ ਵਿੱਚ ਭਾਵ ਕਿ ਪੂਰੀ ਸ੍ਰੇਣੀ ਜਾਂ ਮਹਿਲ ਦੇ ਬੱਚਿਆਂ ਨੂੰ ਇਕੱਠੇ ਨਹੀਂ ਕਰਨਾ ਹੈ।

2.26 ਟੈਸਟਿੰਗ ਕਰਨ ਤੋਂ ਬਾਅਦ ਸੀ.ਐਮ.ਟੀ. ਪੜ੍ਹੋ ਪੰਜਾਬ ਰਜਿਸਟਰ ਦੇ ਪੰਨਾ ਨੰਬਰ 54 ਨੂੰ ਜ਼ਰੂਰ ਭਰਕੇ ਇਸ ਉਤੇ ਆਪਣੇ ਸਕੂਲ ਦਾ ਨਾਂ, ਪੂਰੇ ਦਸਤਖ਼ਤ ਅਤੇ ਮੋਬਾਇਲ ਨੰ. ਜ਼ਰੂਰ ਲਿਖੇਗਾ।

2.27 ਸੀ.ਐਮ.ਟੀ. ਸਕੂਲ ਦੇ ਬੱਚਿਆਂ ਦੀ ਟੈਸਟਿੰਗ ਕਰਨ ਤੋਂ ਬਾਅਦ ਨਤੀਜਾ ਇਕੱਤਰ ਕਰਦੇ ਸਮੇਂ ਇਸ ਨੂੰ ਸਟੇਟ ਵੱਲੋਂ ਦਿੱਤੇ ਪ੍ਰੋਫ਼ਾਰਮੇ ਤੇ ਇਸ ਨੂੰ ਨਾਲ ਦੀ ਨਾਲ ਭਰ ਲਿਆ ਜਾਵੇ ਅਤੇ ਜਿੱਥੋਂ ਤੱਕ ਸੰਭਵ ਹੋਵੇ ਕਿ ਬੀ.ਐਮ.ਟੀ. ਨਾਲ ਦੀ ਨਾਲ ਸਕੂਲਾਂ ਦਾ ਡਾਟਾ ਬਲਾਕ ਪੱਧਰ ਤੇ ਫੀਡ ਕਰਵਾਉਂਦਾ ਰਹੇ।

2.28 ਸਟੇਟ ਨੂੰ ਜ਼ਿਲ੍ਹੇ ਦਾ ਨਤੀਜਾ ਭੇਜਣ ਸਮੇਂ ਪੂਰੇ ਬਲਾਕਾਂ ਦਾ ਨਤੀਜਾ ਵੀ ਭੇਜਿਆ ਜਾਵੇਗਾ।

2.29 ਜ਼ਿਲ੍ਹਾ ਪੱਧਰ ਦਾ ਮੁਕੰਮਲ ਨਤੀਜਾ ਹਰ ਹਾਲਤ ਵਿੱਚ 27 ਦਸੰਬਰ ਤੱਕ ਤਿਆਰ ਕੀਤਾ ਜਾਵੇਗਾ।

2.29 29 ਦਸੰਬਰ ਨੂੰ ਨਤੀਜਾ ਸਵੇਰੇ 10:00 ਵਜੇ ਤੱਕ ਮੁੱਖ ਦਫ਼ਤਰ ਨੂੰ ਭੇਜਿਆ ਜਾਵੇਗਾ।

2.30 ਜ਼ਿਲ੍ਹਾ ਕੋਆਰਡੀਨੇਟਰ ਆਪਣਾ ਜ਼ਿਲ੍ਹੇ ਦੇ ਅੰਕੜੇ ਇਕੱਤਰ ਕਰਨ ਉਪਰੰਤ ਇਸਦੀ ਸੂਚਨਾ ਮੁੱਖ ਦਫ਼ਤਰ ਨੂੰ ਦੇਵੇਗਾ।

2.31 ਮੁੱਖ ਦਫ਼ਤਰ ਵੱਲੋਂ ਪੂਰੇ ਸਟੇਟ ਦੇ ਨਤੀਜਿਆਂ ਨੂੰ ਘੋਖ਼ਣ ਤੋਂ ਬਾਅਦ
ਮੀਡੀਆ ਨੂੰ ਦਿੱਤੇ ਨਤੀਜੇ ਨਸ਼ਰ ਹੋਣ ਤੋਂ ਬਾਅਦ ਹੀ ਜ਼ਿਲ੍ਹਾ ਕੋਆਰਡੀਨੇਟਰ ਵੱਲੋ ਹੇਠਲੇ ਪੱਧਰ ਤੇ ਕੋਈ ਖ਼ਬਰ ਦਿੱਤੀ ਜਾਵੇ।

2.32 ਸਮੂਹ ਜ਼ਿਲ੍ਹੇ ਅੰਦਰ ਪੂਰੀ ਪਾਰਦਰਸ਼ਤਾ ਨਾਲ ਬੱਚਿਆਂ ਦੇ ਮੁਲਾਂਕਣ ਅਤੇ ਨਤੀਜੇ ਤਿਆਰ ਕਰਨ ਵਿੱਚ ਸੀ.ਐਮ.ਟੀ/ਬੀ.ਐਮ.ਟੀ. ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਅਤੇ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਦੀ ਪੂਰਨ ਜ਼ਿੰਮੇਵਾਰੀ ਹੋਵੇਗੀ।

2.33ਸੀ.ਐਮ.ਟੀ. ਦੇ ਕਲੱਸਟਰ ਜ਼ਿਲ੍ਹਾ ਕੋਆਰਡੀਨੇਟਰ ਆਪਣੀ ਮਰਜ਼ੀ ਨਾਲ ਬਦਲੇਗਾ। ਜਿਸ ਕਲੱਸਟਰ 'ਚ ਸੀ.ਐਮ.ਟੀ. ਹੁਣ ਕੰਮ ਕਰਦਾ ਹੈ ਇਸ ਦੀ ਜਾਂਚ ਕਿਸੇ ਹੋਰ ਸੀ.ਐਮ.ਟੀ. ਤੋਂ ਕਰਵਾਈ ਜਾਵੇ।

2.34 ਸੀ.ਐਮ.ਟੀ. ਅਤੇ ਬੀ.ਐਮ.ਟੀ. ਜ਼ਿਲ੍ਹਾ ਕੋਆਰਡੀਨੇਟਰ ਦੀ ਪ੍ਰਵਾਨਗੀ ਨਾਲ ਹੀ ਇਕ ਸਕੂਲ ਵਿੱਚ ਇਕੱਠੇ ਹੋ ਸਕਦੇ ਹਨ, ਫਿਰ ਵੀ ਉਹਨਾਂ ਹਾਲਤਾਂ ਅੰਦਰ ਜੇਕਰ ਸਕੂਲ ਦੇ ਬੱਚੇ ਜ਼ਿਆਦਾ ਹਨ ਜਿੰਨ੍ਹਾਂ ਨੂੰ ਸੀ.ਐਮ.ਟੀ/ਪੀ.ਸੀ.ਸੀ. ਇਕ ਦਿਨ ਅੰਦਰ ਜਾਂਚ ਨਹੀਂ ਕਰ ਸਕਦੇ ਤਾਂ ਹੀ ਤਿੰਨਾਂ ਦੀ ਡਿਊਟੀ ਇਕੱਠੀ ਲਗਾਈ ਜਾ ਸਕਦੀ ਹੈ।

3.35 ਜੇਕਰ ਪੜ੍ਹੋ ਪੰਜਾਬ ਦੀ ਟੀਮ ਨੂੰ ਕਿਤੇ ਜਾਂਚ ਪੱਤਰ ਲੀਕ ਹੋਣ ਬਾਰੇ ਸੂਚਨਾ ਹੋਵੇ ਤਾਂ ਉਹ ਡਾ.ਦਵਿੰਦਰ ਸਿੰਘ ਏ.ਐਸ.ਪੀ.ਡੀ(ਮੀਡੀਆ) ਦੇ ਮੋਬਾਇਲ ਨੰ. 94176-00126 ਤੇ ਫੋਨ ਮੈਸੇਜ ਕਰਨਗੇ। ਇਸ ਦੀ ਗੁਪਤਤਾ ਰੱਖੀ ਜਾਵੇਗੀ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਡਾਇਟ ਨੋਡਲ ਅਫ਼ਸਰ ਇਸ ਹੋਣ ਵਾਲੀ ਜਾਂਚ ਦੀ ਲਗਾਤਾਰ ਮੁਨੀਟਰਿੰਗ ਕਰਨਗੇ।

4.0 ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/ 75034 ਮਿਤੀ 10.12.2010

ਉਤਾਰਾ (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(2) ਸਮੂਹ ਡਾਇਟ ਨੋਡਲ ਅਫ਼ਸਰ (ਡਾਇਟ)।
(3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(4) ਸਮੂਹ ਸਕੂਲ ਮੁਖੀ (ਵੈੱਬਸਾਇਟ ਰਾਹੀਂ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**